ਪੰਜਾਬ ਵਿਚ ਭਾਰਤਮਾਲਾ ਪ੍ਰੀਯੋਜਨਾ ਦੇ ਤਹਿਤ ਵਿਕਸਿਤ ਕੀਤਾ ਜਾਣ ਵਾਲਾ ਲੁਧਿਆਣਾ -ਰੂਪਨਗਰ ਗਰੀਨ ਫੀਲਡ ਹਾਈਵੇਅ ਜੋ ਕਿ ਦਿੱਲੀ-ਕਟੜਾ ਐਕਸਪ੍ਰੈਸਵੇਅ ਤੋਂ ਪਿੰਡ ਮਾਣੇਵਾਲ ਨੇੜੇ ਤੋਂ ਸ਼ੁਰੂ ਹੋ ਕੇ ਨੈਸ਼ਨਲ ਹਾਈਵੇਅ 205 ਉਪਰ ਪਿੰਡ ਭਿਉਰਾ ਵਿਖੇ ਸਮਾਪਤ ਹੋਵੇਗਾ, ਦੀ ਈ.ਆਈ.ਏ. ਨੋਟੀਫਿਕੇਸ਼ਨ ਮਿਤੀ 14/09/2006 ਤਹਿਤ ਵਾਤਾਵਰਣ ਪ੍ਰਵਾਨਗੀ ਪ੍ਰਾਪਤ ਕਰਨ ਲਈ ਮੈਸ: ਨੈਸ਼ਨਲ ਹਾਈਵੇਅ ਅਥਾਰਟੀ ਆਫ ਇੰਡੀਆ ਦੁਆਰਾ ਦਾਇਰ ਕੀਤੀ ਗਈ ਅਰਜ਼ੀ ਦੇ ਸਬੰਧ ਵਿਚ 05.02.2021 ਨੂੰ ਜਨਤਕ ਸੁਣਵਾਈ ਦੀ ਕਾਰਵਾਈ।

ਪ੍ਰੋਸੀਡਿੰਗ ਦੀ ਦੇਖ ਰੇਖ ਲਈ ਹੇਠ ਲਿਖੇ ਅਧਿਕਾਰੀ ਮੌਜੂਦ ਸਨ:

1. ਸ੍ਰੀ ਅਮਰਜੀਤ ਸਿੰਘ ਬੈਂਸ,
ਵਧੀਕ ਡਿਪਟੀ ਕਮਿਸ਼ਨਰ,
ਲੁਧਿਆਣਾ।

2. ਇੰਜੀ: ਪਰਮਜੀਤ ਸਿੰਘ,
ਵਾਤਾਵਰਣ ਇੰਜੀਨੀਅਰ,
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਖੇਤਰੀ ਦਫਤਰ -3, ਲੁਧਿਆਣਾ।

3. ਇੰਜੀ: ਆਰ. ਕੇ. ਗੋਇਲ,
ਵਾਤਾਵਰਣ ਇੰਜੀਨੀਅਰ,
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਖੇਤਰੀ ਦਫਤਰ -1, ਲੁਧਿਆਣਾ।

4. ਇੰਜੀ: ਰਾਜਪਾਲ ਗਿੱਲ,
ਸਹਾਇਕ ਵਾਤਾਵਰਣ ਇੰਜੀਨੀਅਰ,
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਖੇਤਰੀ ਦਫਤਰ -3, ਲੁਧਿਆਣਾ।

ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫਤਰ -1, ਲੁਧਿਆਣਾ ਨੇ ਸੁਪਰਵਾਈਜ਼ਿੰਗ-ਕਮ-ਪ੍ਰੀਜ਼ਾਈਡਿੰਗ ਅਧਿਕਾਰੀ ਅਤੇ ਨਾਲ ਲੱਗਦੇ ਕਸਬਿਆਂ / ਪਿੰਡਾਂ ਦੇ ਲੋਕਾਂ ਦਾ ਸਵਾਗਤ ਕੀਤਾ, ਜੋ ਕਿ ਇਸ ਪ੍ਰਾਜੈਕਟ ਦੀ ਜਨਤਕ ਸੁਣਵਾਈ ਵਿਚ ਸ਼ਾਮਲ ਹੋਣ ਲਈ ਆਏ ਸਨ। ਉਨ੍ਹਾਂ ਦੱਸਿਆ ਕਿ ਮੈਸ: ਨੈਸ਼ਨਲ ਹਾਈਵੇਅ ਅਥਾਰਟੀ ਆਫ ਇੰਡੀਆ ਨੇ ਪੰਜਾਬ ਵਿਚ ਭਾਰਤਮਾਲਾ ਪ੍ਰੀਯੋਜਨਾ ਦੇ ਤਹਿਤ ਲੁਧਿਆਣਾ-ਰੂਪਨਗਰ ਗਰੀਨ ਫੀਲਡ ਹਾਈਵੇਅ ਜੋ ਕਿ ਦਿੱਲੀ-ਕਟੜਾ ਐਕਸਪ੍ਰੈਸਵੇਅ ਤੋ ਪਿੰਡ ਮਾਣੇਵਾਲ ਨੇੜੇ ਸੁਰੂ ਹੋ ਕੇ ਨੈਸ਼ਨਲ ਹਾਈਵੇਅ 205 ਉਪਰ ਪਿੰਡ ਭਿਉਰਾ ਵਿਖੇ ਸਮਾਪਤ ਹੋਵੇਗਾ, ਦੇ ਵਿਕਾਸ ਲਈ ਭਾਰਤ ਸਰਕਾਰ ਦੇ ਵਾਤਾਵਰਣ ਅਤੇ ਜੰਗਲਾਤ ਮੰਤਰਾਲਾ, ਨਵੀਂ ਦਿੱਲੀ ਦੇ ਦਫ਼ਤਰ ਵਿੱਚ ਈ.ਆਈ.ਏ ਨੋਟੀਫਿਕੇਸ਼ਨ ਨੰ. 1533 (ਈ) ਮਿਤੀ 14.9.2006 ਤਹਿਤ ਵਾਤਾਵਰਣ ਪ੍ਰਵਾਨਗੀ ਲਈ ਬਿਨੈ ਪੱਤਰ ਦਾਇਰ ਕੀਤਾ ਹੈ।

ਇਸ ਤੋਂ ਬਾਅਦ, ਉਨ੍ਹਾਂ ਐਨ.ਐਚ.ਏ.ਆਈ. ਪੀ.ਆਈ.ਯੂ-ਲੁਧਿਆਣਾ (ਹਾਈਵੇਅ) ਦੇ ਪ੍ਰਤੀਨਿਧੀ ਨੂੰ ਪ੍ਰਾਜੈਕਟ ਬਾਰੇ ਸੰਖੇਪ ਜਾਣਕਾਰੀ ਦੇਣ ਦੀ ਬੇਨਤੀ ਕੀਤੀ। ਸ੍ਰੀ ਚੇਤਨ ਸ਼ਰਮਾਂ, ਖੇਤਰੀ

Scanned with CamScanner

ਇੰਜੀਨੀਅਰ, ਐਨ.ਐਚ.ਏ.ਆਈ., ਨੇ ਤਜ਼ਵੀਜਤ ਪ੍ਰੋਜੈਕਟ ਬਾਰੇ ਹੇਠ ਲਿਖੇ ਅਨੁਸਾਰ ਜਨਤਾ ਨੂੰ ਦੱਸਿਆ:-

- ਤਜ਼ਵੀਜਤ ਹਾਈਵੇਅ ਗਰੀਨ ਫੀਲਡ ਹਾਈਵੇਅ ਹੈ, ਜਿਸ ਦੀ ਚੋੜਾਈ 6/4 ਲਾਈਨ ਹੋਵੇਗੀ । ਲੁਧਿਆਣਾ -ਰੂਪਨਗਰ ਗਰੀਨ ਫੀਲਡ ਹਾਈਵੇਅ ਜ਼ੋ ਕਿ ਦਿੱਲੀ-ਕਟੜਾ ਐਕਸਪ੍ਰੈਸਵੇਅ ਤੋ ਪਿੰਡ ਮਾਣੇਵਾਲ ਨੇੜੇ ਸੁਰੂ ਹੋ ਕੇ ਨੈਸ਼ਨਲ ਹਾਈਵੇਅ 205 ਉਪਰ ਪਿੰਡ ਭਿਉਰਾ ਵਿਖੇ ਸਮਾਪਤ ਹੋਵੇਗਾ, ਜਿਸ ਦੀ ਕੁੱਲ ਲੰਬਾਈ 110 ਕਿ.ਮੀ. ਹੈ (ਸਮੇਤ ਇਸ ਦੀ ਸ਼ਾਖ ਜ਼ੋ ਕਿ ਪਿੰਡ ਪੀਪਲ ਮਾਜਰਾ ਤੋ ਸ਼ੁਰੂ ਹੋ ਕੇ ਖਰੜ ਵਿਖੇ ਸਮਾਪਤ ਹੋਵੇਗੀ)। ਇਸ ਪ੍ਰਜੈਕਟ ਦੀ ਜ਼ਿਲਾ ਲੁਧਿਆਣਾ ਵਿਖੇ ਕੁੱਲ ਲੰਬਾਈ 66 ਕਿ.ਮੀ. ਹੈ।
- ਇਹ ਹਾਈਵੇਅ ਪੰਜਾਬ ਦੇ 210 ਪਿੰਡਾਂ ਵਿੱਚ ਦੀ ਲੰਘੇਗਾ, ਜਿਸ ਵਿੱਚ ਜ਼ਿਲਾ ਲੁਧਿਆਣਾ ਦੇ 127 ਪਿੰਡ, ਜ਼ਿਲਾ ਰੂਪਨਗਰ ਦੇ 76 ਪਿੰਡ ਅਤੇ ਜ਼ਿਲਾ ਅਜੀਤਗੜ ਦੇ 7 ਪਿੰਡ ਆਉਂਦੇ ਹਨ।
- ਇਹ ਹਾਈਵੇਅ ਜ਼ਿਲਾ ਲੁਧਿਆਣਾ ਦੇ 127 ਪਿੰਡਾਂ ਵਿੱਚ ਦੀ ਲੰਘੇਗਾ, ਜ਼ੋ ਕਿ 3 ਤਹਿਸੀਲਾਂ ਲੁਧਿਆਣਾ ਪੱਛਮੀ, ਲੁਧਿਆਣਾ ਪੂਰਬੀ, ਸਮਰਾਲਾ ਤਹਿਸੀਲ ਵਿੱਚ ਪੈਂਦੇ ਹਨ।
- ਈ.ਆਈ.ਏ. ਦੀ ਰਿਪੋਰਟ ਤਿਆਰ ਕਰਨ ਲਈ ਰੈਫ਼ਰੈਂਸ ਦੀਆਂ ਸ਼ਰਤਾਂ (ਟੀ.ਓ.ਆਰ.) ਨੂੰ F. No. 10-64/2020-IA.III ਮਿਤੀ 09 ਨਵੰਬਰ 2020 ਦੁਆਰਾ ਜਾਰੀ ਕੀਤਾ ਗਿਆ ਸੀ। ਇਹ ਜਨਤਕ ਸੁਣਵਾਈ ਈ.ਆਈ.ਏ. ਨੋਟੀਫਿਕੇਸ਼ਨ, 2006 ਦੀ ਪਾਲਣਾ ਕਰਦਿਆਂ ਕੀਤੀ ਜਾ ਰਹੀ ਹੈ।
- ਇਸ ਹਾਈਵੇਅ ਲਈ ਕੁੱਲ 793 ਹੈਕਟੇਅਰ ਜ਼ਮੀਨ ਲੋੜੀਂਦੀ ਹੈ, ਜਿਸ ਵਿੱਚ ਸਰਕਾਰੀ ਜ਼ਮੀਨ 52.4 ਹੈਕਟੇਅਰ, ਪ੍ਰਾਈਵੇ ਜ਼ਮੀਨ 737 ਹੈਕਟੇਅਰ ਅਤੇ ਜੰਗਲਾਤ ਜ਼ਮੀਨ 3.6 ਹੈਕਟੇਅਰ ਹੈ। ਇਸ ਲਈ ਐਫ.ਸੀ.ਏ. 1980 ਦੇ ਅਧੀਨ ਪ੍ਰਜੈਕਟ ਦੀ ਉਸਾਰੀ ਤੋਂ ਪਹਿਲਾਂ ਜੰਗਲਾਤ ਪ੍ਰਵਾਨਗੀ ਲਈ ਜਾਏਗੀ।
- ਪ੍ਰਸਤਾਵਿਤ ਹਾਈਵੇਅ ਜਿਲਾ ਲੁਧਿਆਣਾ ਦੇ ਕਿਸੇ ਵੀ ਨੈਸ਼ਨਲ ਪਾਰਕ ਜਾਂ ਵਾਈਲਡ ਲਾਈਫ ਸੈਨਚੂਰੀ ਵਿੱਚੋਂ ਨਹੀਂ ਲੰਘ ਰਹੀ ਹੈ।
- ਪੁਰਾਤੱਤਵ ਵਿਭਾਗ, ਭਾਰਤ ਸਰਕਾਰ ਦੇ ਰੱਖ ਰਖਾਵ ਵਾਲੀ ਕੋਈ ਵੀ ਇਮਾਰਤ ਇਸ ਤਜ਼ਵੀਜਤਨ ਹਾਈਵੇਅ ਵਿੱਚ ਨਹੀ ਆਉਂਦੀ।
- ਲਗਭਗ 15721 ਦਰੱਖਤ ਇਸ ਪ੍ਰਜੈਕਟ ਲਈ ਕੱਟੇ ਜਾਣ ਦੀ ਸੰਭਾਵਨਾ ਹੈ। ਕੋਈ ਘੱਟ ਗਿਣਤੀ ਕਿਸਮ ਦਾ ਦਰੱਖਤ ਅਤੇ ਜਾਨਵਰ ਇਸ ਹਾਈਵੇਅ ਨਾਲ ਪ੍ਰਭਾਵਿਤ ਨਹੀ ਹੋਵੇਗਾ।
- ਲੱਗਭਗ 157210 ਨਵੇ ਦਰੱਖਤ (ਘੱਟੋ-ਘੱਟ 3 ਲਾਈਨਾ ਹਾਏਵੇਅ ਦੇ ਦੋਨੋ ਪਾਸੇ) ਲਗਾਏ ਜਾਣਗੇ।
- ਪ੍ਰੋਜੈਕਟ ਦੀ ਕੁਲ ਲਾਗਤ 3300 ਕਰੋੜ ਰੁਪਏ ਹੈ। ਵਾਤਾਵਰਣ ਪ੍ਰਬੰਧਨ ਯੋਜਨਾ ਲਈ ਰੱਖਿਆ ਗਿਆ ਬਜਟ 32.65 ਕਰੋੜ ਰੁਪਏ ਹੈ।

ਇਸ ਤੋਂ ਬਾਅਦ, ਵਾਤਾਵਰਣ ਇੰਜੀਨੀਅਰ ਵੱਲੋਂ ਜਨਤਕ ਸੁਣਵਾਈ ਵਾਲੀ ਥਾਂ ਤੇ ਮੌਜੂਦ ਲੋਕਾਂ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਈ.ਆਈ.ਏ. ਨੋਟੀਫਿਕੇਟ ਦੀ ਮਿਤੀ 14.9.2006 ਦੇ ਅਨੁਸਾਰ ਮੌਜੂਦ ਵਿਅਕਤੀ ਵਾਤਾਵਰਣ ਸਬੰਧੀ ਕੋਈ ਜਾਣਕਾਰੀ ਜਾਂ ਸਪਸ਼ਟੀਕਰਨ ਦੀ ਮੰਗ ਕਰ ਸਕਦੇ ਹਨ। ਉਥੇ ਮੌਜੂਦ ਵਿਅਕਤੀਆਂ ਦੇ ਧਿਆਨ ਵਿੱਚ ਵੀ ਲਿਆਂਦਾ ਗਿਆ ਕਿ ਉਨ੍ਹਾਂ ਦੁਆਰਾ ਮੰਗੀ ਗਈ ਜਾਣਕਾਰੀ ਜਾਂ ਸਪਸ਼ਟੀਕਰਨ ਅਤੇ ਪ੍ਰਜੈਕਟ ਪ੍ਰਸਤਾਵਕ ਵੱਲੋਂ ਦਿੱਤੀ ਗਈ ਜਵਾਬ ਸੁਣਵਾਈ ਦੀ ਕਾਰਵਾਈ ਦਰਜ ਕੀਤੀ ਜਾਵੇਗੀ, ਜਿਸ ਨੂੰ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਮੰਤਰਾਲੇ ਨੂੰ ਭੇਜਿਆ

Scanned with CamScanner

ਜਾਵੇਗਾ। ਇਸ ਅਨੁਸਾਰ, ਉਨ੍ਹਾਂ ਸੁਣਵਾਈ ਵਿੱਚ ਮੌਜੂਦ ਵਿਅਕਤੀਆਂ ਨੂੰ ਬੇਨਤੀ ਕੀਤੀ ਕਿ ਉਹ ਇੱਕ -ਇੱਕ ਕਰਕੇ ਪ੍ਰੋਜੈਕਟ ਬਾਰੇ ਵਾਤਾਵਰਣ ਸਬੰਧੀ ਜਾਣਕਾਰੀ ਜਾਂ ਸਪਸ਼ਟੀਕਰਨ ਲੈਣ ਲਈ ਕਿਹਾ। ਉਨ੍ਹਾਂ ਇਹ ਵੀ ਦੱਸਿਆ ਕਿ ਬੋਰਡ ਦੁਆਰਾ ਅਜੇ ਤੱਕ ਪ੍ਰਾਜੈਕਟ ਬਾਰੇ ਕੋਈ ਜਾਣਕਾਰੀ / ਸਪਸ਼ਟੀਕਰਨ / ਟਿਪਣੀਆਂ / ਵਿਚਾਰ / ਸੁਝਾਅ / ਇਤਰਾਜ਼ ਜਨਤਾ ਪਾਸੋਂ ਪ੍ਰਾਪਤ ਨਹੀਂ ਹੋਏ ਹਨ।

ਇਸ ਤੋਂ ਬਾਅਦ, ਸੁਣਵਾਈ ਦੇ ਸਥਾਨ ਤੇ ਮੌਜੂਦ ਵਿਅਕਤੀਆਂ ਦੁਆਰਾ ਮੰਗੀ ਗਈ ਜਾਣਕਾਰੀ / ਸਪਸ਼ਟੀਕਰਨ ਦਾ ਵੇਰਵਾ ਅਤੇ ਪ੍ਰੋਜੈਕਟ ਪ੍ਰੋਪੋਨੈਂਟ ਦੁਆਰਾ ਦਿੱਤਾ ਜਵਾਬ ਇਸ ਪ੍ਰਕਾਰ ਹੈ:

| **ਲੜੀ ਨੰਬਰ** | **ਵਿਅਕਤੀ ਦਾ ਨਾਮ ਅਤੇ ਪਤਾ** | **ਪੁੱਛਗਿੱਛ / ਬਿਆਨ / ਜਾਣਕਾਰੀ / ਵਿਅਕਤੀ ਦੁਆਰਾ ਮੰਗੇ ਗਏ ਸਪਸ਼ਟੀਕਰਨ ਦਾ ਵੇਰਵਾ** | **ਪ੍ਰੋਜੈਕਟ ਪ੍ਰੋਪੋਨੈਂਟ/ ਪ੍ਰਜਾਈਡਿੰਗ ਅਫਸਰ ਦੁਆਰਾ ਜਵਾਬ** |
|---|---|---|---|
| 1) | ਸ੍ਰੀ ਰਾਕੇਸ਼ ਪਾਠਕ, ਫੰਕਸ਼ਨਲ ਮੈਨੇਜਰ, ਜ਼ੀ.ਐਮ.ਡੀ.ਆਈ.ਸੀ ਦਫ਼ਤਰ, ਲੁਧਿਆਣਾ | ਸੜਕ ਦੀ ਕੁੱਲ ਲੰਬਾਈ ਸਿਰਫ਼ 66 ਕਿ.ਮੀ. ਹੈ। ਇਥੇ ਕੁੱਲ 8 ਟੋਲ ਪਲਾਜਾ ਬਣਨੇ ਹਨ, ਜਿਨਾਂ ਵਿੱਚ 3 ਮੁੱਖ ਟੋਲ ਪਲਾਜਾ ਅਤੇ 5 ਰੈਂਪ ਟੋਲ ਪਲਾਜਾ ਹਨ। ਇਸ ਤਰ੍ਹਾਂ ਲਗਭਗ ਹਰ 8 ਕਿ.ਮੀ ਤੋ ਬਾਅਦ 1 ਟੋਲ ਪਲਾਜਾ ਹੈ, ਜ਼ੋ ਕਿ 66 ਕਿ.ਮੀ. ਦੀ ਲੰਬਾਈ ਲਈ ਬਹੁਤ ਜਿਆਦਾ ਹਨ। | ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਨੇ ਦੱਸਿਆ ਕਿ ਜਨਤਕ ਸੁਣਵਾਈ ਰੱਖਣ ਦਾ ਮਕਸਦ ਸਿਰਫ਼ ਵਾਤਾਵਰਣ ਨਾਲ ਜੁੜੀਆਂ ਸਮੱਸਿਆਵਾਂ/ ਸੁਝਾਵਾਂ ਸਬੰਧੀ ਵਾਰਤਾਲਾਪ ਕਰਨਾ ਹੈ। ਮੌਜੂਦ ਲੋਕਾਂ ਨੂੰ ਹਾਈਵੇਅ ਦੀ ਉਸਾਰੀ ਨਾਲ ਵਾਤਾਵਰਣ ਨੂੰ ਪ੍ਰਭਾਵਿਤ ਕਰਨ ਵਾਲੀਆਂ ਸਮੱਸਿਆਵਾ ਦੱਸਣ ਬਾਰੇ ਕਿਹਾ ਗਿਆ।<br>ਐਡੀਸ਼ਨਲ ਡਿਪਟੀ ਕਮਿਸ਼ਨਰ, ਲੁਧਿਆਣਾ ਨੇ ਵੀ ਦੱਸਿਆ ਕਿ ਜਨਤਕ ਸੁਣਵਾਈ ਰੱਖਣ ਦਾ ਮਕਸਦ ਸਿਰਫ਼ ਵਾਤਾਵਰਣ ਨਾਲ ਜੁੜੀਆਂ ਸਮੱਸਿਆਵਾਂ ਸਬੰਧੀ ਵਾਰਤਾਲਾਪ ਕਰਨਾ ਹੈ, ਜੇਕਰ ਕੋਈ ਹੋਰ ਸਮੱਸਿਆ ਹੈ ਤਾਂ ਲਿਖਤ ਦਰਖਾਸਤ ਦਿੱਤੀ ਜਾਵੇ, ਜਿਸ ਨੂੰ ਨੈਸ਼ਨਲ ਹਾਈਵੇਅ ਅਥਾਰਟੀ ਆਫ਼ ਇੰਡੀਆ ਕੋਲ ਭੇਜ਼ ਦਿੱਤਾ ਜਾਵੇਗਾ। |
| 2) | ਸ੍ਰੀ ਸਰਬਜੀਤ ਸਿੰਘ ਪੁੱਤਰ ਸ੍ਰੀ ਭਾਗ ਸਿੰਘ ਪਿੰਡ ਗੌਂਸਗੜ੍ਹ, ਜਿਲ੍ਹਾ ਲੁਧਿਆਣਾ | ਸੜਕ ਦੀ ਚੌੜਾਈ ਲੱਗਭਗ 60 ਮੀਟਰ ਹੈ ਜਿਸ ਕਰਕੇ ਕਈ ਜਗ੍ਹਾ ਜ਼ਮੀਨ ਦੋ ਹਿੱਸਿਆਂ ਵਿੱਚ ਵੰਡੀ | ਪ੍ਰੋਜੈਕਟ ਪ੍ਰੋਪੋਨੈਂਟ ਨੇ ਦੱਸਿਆ ਕਿ ਇਹ ਸਵਾਲ ਜ਼ਮੀਨ ਗ੍ਰਹਿਣ ਸਬੰਧੀ ਹੈ, ਇਸ ਤਰ੍ਹਾਂ ਦੀ ਸਮੱਸਿਆਵਾਂ ਸੁਣਨ ਲਈ ਇਹ ਉਚਿਤ |

Scanned with CamScanner

| | | | |
|---|---|---|---|
| | | ਜਾਵੇਗੀ। ਇਹੋ ਜਹੇ ਹਾਲਾਤਾਂ ਵਿੱਚ ਮੁਆਵਜੇ ਲਈ ਕੀ ਪਾਲਿਸੀ ਤਿਆਰ ਕੀਤੀ ਗਈ ਹੈ। | ਪਲੇਟਫਾਰਮ ਨਹੀ ਹੈ।<br>ਐਡੀਸ਼ਨਲ ਡਿਪਟੀ ਕਮਿਸ਼ਨਰ, ਲੁਧਿਆਣਾ ਨੇ ਦੱਸਿਆ ਕਿ ਸ੍ਰੀ ਜੋਗਿੰਦਰ ਸਿੰਘ, ਜ਼ਿਲ੍ਹਾ ਮਾਲ ਅਫ਼ਸਰ, ਲੁਧਿਆਣਾ ਜ਼ਮੀਨ ਗ੍ਰਹਿਣ/ ਮੁਆਵਜਾ ਸਬੰਧੀ ਸਮੱਸਿਆਵਾਂ ਲਈ ਨੋਡਲ ਅਫ਼ਸਰ ਹਨ ਅਤੇ ਕਿਸਾਨ ਇਸ ਤਰ੍ਹਾਂ ਦੀਆਂ ਸਮੱਸਿਆਵਾਂ ਲਈ ਉਨ੍ਹਾਂ ਦੇ ਦਫ਼ਤਰ ਜ਼ੋ ਕਿ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਹੈ, ਵਿੱਚ ਜਾ ਕੇ ਸੰਪਰਕ ਕਰ ਸਕਦੇ ਹਨ।<br>ਮੁਆਵਜਾ ਕਿਸਾਨਾ ਨੂੰ ਨੈਸ਼ਨਲ ਹਾਈਵੇਅ ਅਥਾਰਟੀ ਆਫ਼ ਇੰਡੀਆ ਦੇ ਕਾਨੂੰਨ ਮੁਤਾਬਕ ਦਿੱਤਾ ਜਾਵੇਗਾ। |

ਵਾਤਾਵਰਣ ਇੰਜੀਨੀਅਰ, ਪੀਪੀਸੀਬੀ ਨੇ ਸੁਣਵਾਈ ਵਾਲੇ ਸਥਾਨ ਤੇ ਮੌਜੂਦ ਵਿਅਕਤੀਆਂ ਨੂੰ ਬੇਨਤੀ ਕੀਤੀ ਕਿ ਕੋਈ ਹੋਰ ਵਿਅਕਤੀ ਪ੍ਰਸਤਾਵਿਤ ਹਾਈਵੇਅ ਬਾਰੇ ਕੋਈ ਜਾਣਕਾਰੀ/ ਸਪਸ਼ਟੀਕਰਨ ਲੈਣਾ ਚਾਹੁੰਦਾ ਹੈ ਤਾਂ ਅੱਗੇ ਆ ਸਕਦਾ ਹੈ, ਪਰ ਕੋਈ ਅੱਗੇ ਨਹੀ ਆਇਆ। ਉਸ ਤੋ ਬਾਅਦ ਲੋਕਾਂ ਨੂੰ ਆਪਣੇ ਹੱਥ ਵਧਾਉਣ ਲਈ ਕਿਹਾ ਗਿਆ ਜ਼ੋ ਇਸ ਪ੍ਰਸਤਾਵਿਤ ਪ੍ਰੋਜੈਕਟ ਦੇ ਹੱਕ ਵਿੱਚ ਹਨ। 31 ਵਿਅਕਤੀਆਂ ਵੱਲੋ ਪ੍ਰਸਤਾਵਿਤ ਪ੍ਰੋਜੈਕਟ ਦੇ ਹੱਕ ਆਪਣਾ ਹੱਥ ਖੜੇ ਕੀਤੇ ਗਏ। ਸਿਰਫ਼ 1 ਵਿਅਕਤੀ ਨੇ ਪ੍ਰੋਜੈਕਟ ਦੇ ਨਿਰਮਾਣ ਦੇ ਵਿਰੋਧ ਵਿੱਚ ਆਪਣਾ ਹੱਥ ਖੜਾ ਕੀਤਾ। ਇਸ ਜਨਤਕ ਸੁਣਵਾਈ ਵਿੱਚ 32 ਵਿਅਕਤੀਆਂ ਵੱਲੋ ਭਾਗ ਲਿਆ ਗਿਆ।

ਜਨਤਕ ਸੁਣਵਾਈ ਸੁਪਰਵਾਈਜ਼ਰ-ਕਮ-ਪ੍ਰਜਾਈਡਿੰਗ ਅਫਸਰ ਅਤੇ ਹਾਜਰ ਵਿਅਕਤੀਆਂ ਦੇ ਧੰਨਵਾਦ ਸਹਿਤ ਖਤਮ ਕੀਤੀ ਗਈ।

| | | |
|---|---|---|
| (ਇੰਜੀ: ਆਰ. ਕੇ. ਗੋਇਲ)<br>ਵਾਤਾਵਰਣ ਇੰਜੀਨੀਅਰ,<br>ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,<br>ਖੇਤਰੀ ਦਫਤਰ -1, ਲੁਧਿਆਣਾ | (ਇੰਜੀ: ਪਰਮਜੀਤ ਸਿੰਘ)<br>ਵਾਤਾਵਰਣ ਇੰਜੀਨੀਅਰ,<br>ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,<br>ਖੇਤਰੀ ਦਫਤਰ-3, ਲੁਧਿਆਣਾ | (ਸ੍ਰੀ ਅਮਰਜੀਤ ਸਿੰਘ ਬੈਂਸ,) 5/2/2021<br>ਵਧੀਕ ਡਿਪਟੀ ਕਮਿਸਨਰ<br>ਲੁਧਿਆਣਾ |

Scanned with CamScanner